© ਅਰਮਾਨ (ARMAAN) | ISSN: 2583-9446 (O)

# ਅਰਮਾਨ ARMAAN

(An International Multidisciplinary, Open Access
Peer Reviewed & Indexed Research Journal)

Paper Id: ARMN040308
Volume 4, Issue 3| July-Sep. 2026
Available online at: www.armaan.org.in
DOI Link: https://doi.org/10.64119/armaan.vol.4.issue3.08

| DOI | Received Date | Accepted Date | Published Date |
|---|---|---|---|
| 10.64119/armaan.vol.4.issue3.08 | August 08, 2026 | August 31, 2026 | September 05, 2026 |

ਖੋਜ ਪੇਪਰ (Research Article)

# ਅਜਾਇਬ ਕਮਲ ਦੇ ਕਾਵਿ-ਨਾਟਕਾਂ ਵਿੱਚ ਨਾਰੀ ਪਾਤਰਾਂ ਦੀ ਮਾਨਸਿਕਤਾ ਦਾ ਵਿਸ਼ਲੇਸ਼ਣ

## (ਮਹਾਂ-ਨਾਟ ਦੁੱਕੜੀ "ਬਘਿਆੜ ਐਨਕਾਂ ਅਤੇ ਦਸਤਾਨਿਆਂ ਵਰਗੇ ਹੱਥ" ਦੇ ਸੰਦਰਭ ਵਿੱਚ)

# Ajaib Kamal De Kav-Natkan Vich Nari Patran Di Mansikta Da Vishleshan

## (Mahan Nat-Dukri 'Baghaiar Ainka Ate Dastania Varge Hath De Sandarbh vich)

**ਅਮ੍ਰਿਤਪਾਲ ਸਿੰਘ ਸੰਧੂ (Amritpal Singh Sandhu)**

ਖੋਜਾਰਥੀ, ਪੰਜਾਬੀ ਵਿਭਾਗ (Research Scholar, Dept. of Punjabi)

ਸਕੂਲ ਆਫ਼ ਪੰਜਾਬੀ ਸਟੱਡੀਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ- 160014

ORCID: 0009-0005-5893-1670

*E-Mail:* *amritpal15@yahoo.in*

### ਸਾਰ (Abstract)

*ਹੱਥਲੇ ਅਧਿਐਨ ਦਾ ਕੇਂਦਰੀ ਧੁਰਾ 'ਘਰ 'ਚ ਬਘਿਆੜ' ਅਤੇ 'ਦਸਤਾਨਿਆਂ ਵਰਗੇ ਹੱਥ' ਨਾਟਕਾਂ ਦੇ ਨਾਰੀ ਪਾਤਰਾਂ ਦੇ ਅੰਦਰੂਨੀ ਮਨੋਵਿਗਿਆਨਕ ਸੰਘਰਸ਼ਾਂ ਦਾ ਵਿਸ਼ਲੇਸ਼ਣ ਕਰਨਾ ਹੈ। ਇਸ ਵਿੱਚ ਦਿਖਾਇਆ ਗਿਆ ਹੈ ਕਿ ਟਰਾਮਾਂ, ਦਮਨ ਅਤੇ ਪਿੱਤਰ ਸੱਤਾ ਦੇ ਪ੍ਰਭਾਵ ਨਾਰੀ ਮਨੋਵ੍ਰਿਤੀ ਨੂੰ ਕਿਵੇਂ ਆਕਾਰ ਦਿੰਦੇ ਹਨ। "ਬਘਿਆੜ" ਵਰਗੇ ਪ੍ਰਤੀਕ ਹਿੰਸਾ, ਡਰ ਅਤੇ ਅਸੁਰੱਖਿਆ ਦੇ ਅਚੇਤਨ ਅਨੁਭਵਾਂ ਨੂੰ ਉਜਾਗਰ ਕਰਦੇ ਹਨ। ਸਵਰਨਾ, ਮੀਰਾ ਅਤੇ ਨੀਰਾ ਵਰਗੇ ਨਾਰੀ ਪਾਤਰ ਆਧੁਨਿਕਤਾ ਅਤੇ ਪਰੰਪਰਾ ਵਿਚਾਲੇ ਮਨੋਵਿਗਿਆਨਕ ਦਵੰਦ ਨੂੰ ਦਰਸਾਉਂਦੇ ਹਨ। ਇਹ ਨਾਟਕ ਪਿਆਰ, ਸੰਬੰਧਾਂ ਅਤੇ ਨੈਤਿਕ ਮੁੱਲਾਂ ਦੀ ਬਦਲਦੀ ਧਾਰਨਾ ਨੂੰ ਵੀ ਉਜਾਗਰ ਕਰਦੇ ਹਨ। ਜਿੱਥੇ ਇੱਕ ਪਾਸੇ ਵਿਅਕਤੀਗਤ ਆਜ਼ਾਦੀ ਅਤੇ ਭੋਗਵਾਦੀ ਰੁਝਾਨ ਹਨ, ਤਾਂ ਦੂਜੇ ਪਾਸੇ ਸਮਾਜਿਕ ਮਰਿਆਦਾਵਾਂ ਅਤੇ ਨੈਤਿਕ ਬੰਧਨ ਹਨ। ਇਨ੍ਹਾਂ ਹਾਲਾਤਾਂ ਨੇ ਔਰਤ ਦੀ ਸੋਚ ਨੂੰ ਬਦਲ ਦਿੱਤਾ, ਜਿਸ ਕਾਰਨ ਉਸ ਦੇ ਜੀਵਨ ਦੇ ਮੁੱਲ ਵੀ ਬਦਲ ਗਏ। ਸੱਚੇ ਪਿਆਰ ਦੀ ਥਾਂ ਹੌਲੀ-ਹੌਲੀ ਸਰੀਰਕ ਸੰਤੁਸ਼ਟੀ ਨੇ ਲੈ ਲਈ, ਜੋ ਉਸ ਦੇ ਅੰਦਰਲੇ ਖ਼ਾਲੀਪਣ ਨੂੰ ਦਰਸਾਉਂਦੀ ਹੈ। ਇਹ ਪਰਿਵਰਤਨ ਸਮਾਜਕ ਦਬਾਅ ਅਤੇ ਆਧੁਨਿਕ ਪ੍ਰਭਾਵਾਂ ਦੇ ਕਾਰਨ ਨਾਰੀ ਮਨ ਦੀ ਜਟਿਲਤਾ ਨੂੰ ਉਜਾਗਰ ਕਰਦਾ ਹੈ ਅਤੇ ਇਹ ਟਕਰਾਅ ਉਨ੍ਹਾਂ ਦੀ ਮਨੋਸਥਿਤੀ ਵਿੱਚ ਅਸਥਿਰਤਾ ਅਤੇ ਸੰਘਰਸ਼ ਨੂੰ ਜਨਮ ਦਿੰਦਾ ਹੈ। ਸਮੁੱਚੇ ਤੌਰ 'ਤੇ, ਅਜਾਇਬ ਕਮਲ ਦੇ ਕਾਵਿ-ਨਾਟਕ ਨਾਰੀ ਅਸਤਿਤਵ ਦੇ ਅੰਦਰੂਨੀ ਸੰਘਰਸ਼ਾਂ ਨੂੰ ਗਹਿਰਾਈ ਨਾਲ ਹੀ ਨਹੀਂ ਪ੍ਰਗਟ ਕਰਦੇ ਹਨ, ਬਲਕਿ ਮਰਦ ਦੀ ਸਮਾਜਿਕ ਭੂਮਿਕਾ ਪ੍ਰਤੀ ਕਈ ਸਵਾਲ ਵੀ ਪੈਦਾ ਕਰਦੇ ਹਨ।*

### ਮੁੱਖ-ਸ਼ਬਦ (Keywords)

*ਮਾਨਸਿਕਤਾ, ਅਚੇਤਨ ਮਨ, ਦਮਨ, ਮੌਤ-ਪ੍ਰਵਿਰਤੀ, ਟ੍ਰਾਮਾ ਬਾਂਡਿੰਗ, ਪਿੱਤਰ ਸੱਤਾ, ਲਿੰਗ ਹਿੰਸਾ, ਪ੍ਰਤੀਕਵਾਦ, ਤਾਰਕਾ ਯੁੱਧ।*

ਮਾਨਸਿਕਤਾ ਮਨ ਦੀ ਇੱਕ ਕਾਰਜਸ਼ੀਲ ਬਣਤਰ ਹੈ ਜੋ ਮਨੁੱਖ ਦੀ ਸੋਚ, ਰਵੱਈਏ ਅਤੇ ਸੰਸਾਰ ਨੂੰ ਦੇਖਣ ਦੇ ਢੰਗ ਨਾਲ ਸੰਬੰਧਿਤ ਇੱਕ ਮਹੱਤਵਪੂਰਨ ਮਨੋਵਿਗਿਆਨਕ ਧਾਰਨਾ ਹੈ। *"ਮਾਨਸਿਕਤਾ (Mentality) ਦੀ ਧਾਰਨਾ, ਜਿਸ ਨੂੰ ਅਕਸਰ ਮਾਨਸਿਕ ਢਾਂਚੇ (Mindset) ਦੇ ਸਮਾਨ ਅਰਥਾਂ ਵਿੱਚ ਵਰਤਿਆ ਜਾਂਦਾ ਹੈ, ਵਿਅਕਤੀ ਅੰਦਰ ਡੂੰਘਾਈ ਨਾਲ ਸਥਾਪਿਤ ਰਵੱਈਏ, ਵਿਸ਼ਵਾਸਾਂ ਅਤੇ ਕਦਰਾਂ-ਕੀਮਤਾਂ ਦੇ ਉਸ ਸਮੂਹ ਨੂੰ ਦਰਸਾਉਂਦੀ ਹੈ, ਜੋ ਅਸਲ ਵਿਚ ਕਿਸੇ ਵਿਅਕਤੀ ਦੇ ਸੰਸਾਰ ਨੂੰ ਦੇਖਣ, ਸਮਝਣ ਅਤੇ ਉਸ ਨਾਲ ਜੁੜਨ ਦੇ ਤਰੀਕੇ ਨੂੰ ਆਕਾਰ ਦਿੰਦੇ ਹਨ"* [1] ਕਿਸੇ ਵਿਸ਼ੇਸ਼ ਸਥਿਤੀ ਜਾਂ ਘਟਨਾ ਪ੍ਰਤੀ ਮਨੁੱਖ ਦੀ ਪ੍ਰਤੀਕਿਰਿਆ ਦੇ ਪਿੱਛੇ ਉਸ ਦੀ ਮਾਨਸਿਕਤਾ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। *"ਫ੍ਰਾਇਡ ਤੋਂ ਪਹਿਲਾਂ ਕੇਵਲ ਚੇਤਨ ਨੂੰ ਹੀ ਮਾਨਸਿਕਤਾ ਸਮਝਿਆ ਜਾਂਦਾ ਸੀ, ਚਿੰਤਕਾਂ ਦੀ ਇਹ ਮਨੌਤ ਸੀ ਕਿ ਜਿਸ ਗੱਲ ਬਾਰੇ ਅਸੀਂ ਚੇਤਨ ਨਹੀਂ, ਉਹ ਸਾਡੇ ਮਨ ਵਿਚ ਕਿਵੇਂ ਮੌਜੂਦ ਹੋ ਸਕਦੀ ਹੈ? 'ਅਚੇਤਨ' ਤੇ 'ਮਾਨਸਿਕ' ਆਪੋ ਵਿਚ ਵਿਰੋਧੀ ਪਦ ਮੰਨੇ ਜਾਂਦੇ ਸਨ।"* [2] ਫਰਾਇਡ ਨੇ ਆਪਣੀ ਖੋਜ ਨਾਲ ਇਹ ਸਿੱਧ ਕੀਤਾ ਕਿ 'ਚੇਤਨ' ਮਨ ਦਾ ਮਮੂਲੀ ਜਿਹਾ ਭਾਗ ਹੈ ਅਤੇ 'ਅਚੇਤਨ' ਇਸ ਤੋਂ ਬਹੁਤ ਜ਼ਿਆਦਾ ਵਿਸ਼ਾਲ ਹੈ। ਇਸ ਤਰਾਂ

ਮਾਨਸਿਕਤਾ ਸਿਰਫ਼ ਚੇਤਨ ਵਿਚਾਰਾਂ ਤੱਕ ਸੀਮਿਤ ਨਹੀਂ ਹੁੰਦੀ, ਸਗੋਂ ਅਚੇਤਨ ਮਨ ਵਿੱਚ ਮੌਜੂਦ ਦੱਬੀਆਂ ਇੱਛਾਵਾਂ, ਡਰ ਅਤੇ ਅੰਦਰੂਨੀ ਸੰਘਰਸ਼ ਵੀ ਇਸ ਦਾ ਹਿੱਸਾ ਹਨ। ਸਾਹਿਤ ਵਿੱਚ ਨਾਰੀ ਪਾਤਰਾਂ ਦੀ ਮਾਨਸਿਕਤਾ ਦਾ ਅਧਿਐਨ ਵਿਸ਼ੇਸ਼ ਮਹੱਤਵ ਰੱਖਦਾ ਹੈ, ਕਿਉਂਕਿ ਉਨ੍ਹਾਂ ਦੀ ਮਾਨਸਿਕ ਬਣਤਰ ਵਿਅਕਤੀਗਤ ਅਨੁਭਵਾਂ ਦੇ ਨਾਲ-ਨਾਲ ਸਮਾਜਿਕ, ਸੱਭਿਆਚਾਰਕ ਅਤੇ ਪਿੱਤਰਸੱਤਾਮਕ ਵਿਵਸਥਾ ਤੋਂ ਵੀ ਪ੍ਰਭਾਵਿਤ ਹੁੰਦੀ ਹੈ। ਇਸ ਕਾਰਨ ਨਾਰੀ ਪਾਤਰਾਂ ਦੇ ਮਨ ਵਿੱਚ ਆਜ਼ਾਦੀ ਅਤੇ ਪਰੰਪਰਾ, ਇੱਛਾ ਅਤੇ ਸਮਾਜਿਕ ਬੰਧਨ, ਸਵੀਕਾਰਤਾ ਅਤੇ ਵਿਦਰੋਹ ਵਰਗੇ ਅੰਦਰੂਨੀ ਦਵੰਦ ਪੈਦਾ ਹੁੰਦੇ ਰਹਿੰਦੇ ਹਨ। ਪਰਵਾਸੀ ਸਾਹਿਤ ਵਿੱਚ ਇਹ ਮਾਨਸਿਕ ਸੰਘਰਸ਼ ਮੂਲ ਸੱਭਿਆਚਾਰ ਅਤੇ ਨਵੇਂ ਸੱਭਿਆਚਾਰ ਵਿਚਕਾਰ ਟਕਰਾਅ ਕਾਰਨ ਹੋਰ ਜਟਿਲ ਹੋ ਜਾਂਦੇ ਹਨ। ਇਸ ਲਈ ਇਨ੍ਹਾਂ ਨਾਰੀ ਪਾਤਰਾਂ ਦੀ ਮਾਨਸਿਕਤਾ ਦਾ ਵਿਸ਼ਲੇਸ਼ਣ ਕੇਵਲ ਉਨ੍ਹਾਂ ਦੇ ਬਾਹਰੀ ਵਿਵਹਾਰ ਤੱਕ ਸੀਮਿਤ ਨਾ ਰਹਿ ਕੇ ਚੇਤਨ-ਅਚੇਤਨ ਮਨ, ਦਮਨ, ਅੰਦਰੂਨੀ ਦਵੰਦ ਅਤੇ ਸਮਾਜਿਕ-ਸੱਭਿਆਚਾਰਕ ਪ੍ਰਭਾਵਾਂ ਦੇ ਸੰਦਰਭ ਵਿੱਚ ਕਰਨਾ ਵਧੇਰੇ ਸਾਰਥਕ ਹੋਵੇਗਾ। ਇਸ ਅਧਾਰ ਤੇ ਅੱਗੇ 'ਅਜਾਇਬ ਕਮਲ' ਦੇ ਕਾਵਿ-ਨਾਟਕਾਂ 'ਘਰ ਚ ਬਘਿਆੜ' ਅਤੇ 'ਦਸਤਾਨਿਆਂ ਵਰਗੇ ਹੱਥ' ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।

'ਰਵਿੰਦਰ ਰਵੀ' ਤੋਂ ਬਾਅਦ ਪਰਵਾਸੀ ਕਾਵਿ-ਨਾਟਕਕਾਰਾਂ ਦੀ ਸ਼੍ਰੇਣੀ ਵਿੱਚ 'ਅਜਾਇਬ ਕਮਲ' ਦਾ ਨਾਮ ਵਿਸ਼ੇਸ਼ ਸਥਾਨ ਰੱਖਦਾ ਹੈ। ਉਸ ਦੀ ਰਚਨਾ-ਦ੍ਰਿਸ਼ਟੀ ਪ੍ਰਯੋਗਵਾਦੀ ਰੁਝਾਨਾਂ ਦੀ ਸਪਸ਼ਟ ਅਨੁਭੂਤੀ ਕਰਾਉਂਦੀ ਹਨ। ਮਹਾਂ-ਨਾਟ ਦੁੱਕੜੀ "ਬਘਿਆੜ ਐਨਕਾਂ ਅਤੇ ਦਸਤਾਨਿਆਂ ਵਰਗੇ ਹੱਥ" ਕਾਵਿ-ਨਾਟਕਾਂ ਵਿੱਚ ਨਾਰੀ ਪਾਤਰਾਂ ਦੀ ਜਟਿਲ ਮਾਨਸਿਕ ਅਵਸਥਾ, ਉਸ ਦੀ ਮਨੋਵਿਗਿਆਨਕ ਗਹਿਰਾਈ ਅਤੇ ਸੰਵੇਦਨਾਤਮਿਕ ਸੂਝ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਇਨ੍ਹਾਂ ਰਚਨਾਵਾਂ ਵਿੱਚ ਨਾਰੀ ਪਾਤਰ ਦੱਬੀਆਂ ਅਤੇ ਸੰਕੁਚਿਤ ਭਾਵਨਾਵਾਂ ਦਾ ਪ੍ਰਗਟਾਵਾ ਕਰਦਿਆਂ ਪਰੰਪਰਾ ਅਤੇ ਰਵਾਇਤੀ ਨੈਤਿਕ ਮਾਪਦੰਡਾਂ ਦੇ ਬੰਧਨਾਂ ਤੋਂ ਮੁਕਤ ਹੋ ਕੇ ਵਿਚਰਦੇ ਹਨ। ਇਹ ਨਾਰੀ ਪਾਤਰ ਆਧੁਨਿਕ ਸਮਾਜਿਕ-ਸਭਿਆਚਾਰਕ ਪ੍ਰਭਾਵਾਂ ਦੇ ਰੰਗ ਵਿੱਚ ਰੰਗੇ ਹੋਏ ਹਨ ਅਤੇ ਪੁਰਾਤਨ ਆਦਰਸ਼ਕ ਕਦਰਾਂ ਕੀਮਤਾਂ ਤੋਂ ਬਾਗ਼ੀ ਹਨ।

"ਘਰ ਚ ਬਘਿਆੜ" ਕਾਵਿ-ਨਾਟਕ ਦੇ ਪ੍ਰਮੁੱਖ ਨਾਰੀ ਪਾਤਰ ਮਾਂ ਲਕਸ਼ਮੀ, ਸਵਰਨਾ, ਔਰਤ ਪਾਤਰ' ਅਤੇ ਸੋਨਾ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਅਤਿ-ਗੰਭੀਰ ਅਧਿਐਨ ਦੇ ਵਿਸ਼ੇ ਹਨ। ਇਨ੍ਹਾਂ ਦੀ ਮਨੋਸਥਿਤੀ ਵਿੱਚ ਇੱਕ ਵਿਸ਼ੇਸ਼ ਲੱਛਣ ਇਹ ਹੈ ਕਿ ਇਹ ਪਾਤਰ ਆਪਣੇ ਅੰਦਰਲੇ ਅਨੁਭਵਾਂ ਜਾਂ ਘਟਨਾਵਾਂ ਨੂੰ ਦਬਾ ਕੇ ਨਹੀਂ ਰੱਖਦੇ, ਬਲਕਿ ਸੱਚ ਆਪਸੀ ਵਾਰਤਾਲਾਪ ਰਾਹੀਂ ਅਚੇਤ ਹੀ ਉੱਘੜ ਕੇ ਸਾਹਮਣੇ ਆ ਜਾਂਦਾ ਹੈ। ਇਹ ਸੰਵਾਦ, ਦਮਿਤ ਭਾਵਨਾਵਾਂ ਨੂੰ ਬਾਹਰ ਲਿਆਂਦੇ ਹੋਏ, ਕਥਾ-ਵਿਕਾਸ ਵਿੱਚ ਕੇਂਦਰੀ ਭੂਮਿਕਾ ਨਿਭਾਉਂਦੇ ਹਨ।

'ਬੇਨਾਮ ਔਰਤ ਪਾਤਰ' ਦੀ ਮਾਨਸਿਕ ਦਸ਼ਾ ਉਸ ਦੇ ਨਾਲ ਵਾਪਰੀ ਜਬਰ-ਜਨਾਹ ਦੀ ਘਟਨਾ ਨਾਲ ਡੂੰਘੀ ਤਰ੍ਹਾਂ ਪ੍ਰਭਾਵਿਤ ਹੈ। ਉਸ ਦੀ ਚੇਤਨਾ ਵਿੱਚ "ਬਘਿਆੜ" ਇੱਕ ਅਜਿਹੇ ਹਿੰਸਕ ਪੁਰਸ਼ ਦਾ ਪ੍ਰਤੀਕ ਬਣ ਜਾਂਦਾ ਹੈ, ਜੋ ਸਿਰਫ਼ ਸਰੀਰਕ ਹਿੰਸਾ ਹੀ ਨਹੀਂ ਕਰਦਾ, ਸਗੋਂ ਉਸ ਦੇ ਆਤਮਿਕ ਅਤੇ ਭਾਵਨਾਤਮਕ ਸੰਤੁਲਨ ਤੇ ਵੀ ਘਾਤਕ ਪ੍ਰਭਾਵ ਪਾਉਂਦਾ ਹੈ। *"ਮਨੁੱਖ ਕਿੰਨਾ ਵੀ ਵਿਕਾਸ ਕਰਕੇ ਸੱਭਿਆ ਹੋ ਗਿਆ ਉਸ ਅੰਦਰਲੀ ਕਾਮੀ, ਦੁਰਾਚਾਰੀ ਅਤੇ ਪਸ਼ੂ ਬਿਰਤੀ ਮਨੁੱਖ ਵਿਚੋਂ ਅਜੇ ਮੁੱਕੀ ਨਹੀਂ।"* [3] ਮਨੋਵਿਗਿਆਨਕ ਪੱਧਰ 'ਤੇ, "ਬਘਿਆੜ" ਦਮਨ [4] (repression) ਅਤੇ *ਮਰਨ-ਪ੍ਰਵ੍ਰਿਤੀ* [5] (thanatos drive) ਦਾ ਪ੍ਰਤੀਕ ਹੈ। ਇਹ ਇੱਕ ਅਜਿਹਾ ਹਿੰਸਕ ਬਲ ਹੈ, ਜੋ ਪੀੜਿਤ ਦੀ ਮਨੋਸਥਿਤੀ ਨੂੰ ਡਰ, ਘ੍ਰਿਣਾ ਅਤੇ ਅਸੁਰੱਖਿਆ ਦੀਆਂ ਭਾਵਨਾਵਾਂ ਵਿੱਚ ਜਕੜ ਲੈਂਦਾ ਹੈ। 'ਦਮਨ' ਦੇ ਸੰਦਰਭ ਵਿੱਚ, ਜਬਰ-ਜਨਾਹ ਦੀ ਘਟਨਾ ਨਾਲ ਜੁੜਿਆ ਸਦਮਾ ਚੇਤਨ ਮਨ ਦੁਆਰਾ ਸਿੱਧੇ ਰੂਪ ਵਿੱਚ ਸਵੀਕਾਰ ਕਰਨ ਦੀ ਥਾਂ ਅਚੇਤਨ ਪੱਧਰ 'ਤੇ ਦੱਬਿਆ ਰਹਿ ਸਕਦਾ ਹੈ ਅਤੇ ਕਿਸੇ ਪ੍ਰਤੀਕ ਜਾਂ ਯਾਦ ਰਾਹੀਂ ਮੁੜ ਉੱਭਰ ਸਕਦਾ ਹੈ। ਕਾਵਿ-ਨਾਟਕ ਵਿੱਚ ਇਸ ਸਦਮੇ ਦਾ ਇੱਕ ਮਹੱਤਵਪੂਰਨ ਮਨੋਵਿਗਿਆਨਕ ਪ੍ਰਭਾਵ ਇਹ ਪੈਂਦਾ ਹੈ ਕਿ ਨਾਰੀ ਚੇਤਨਾ ਵਿੱਚ ਆਦਰਸ਼ ਪਿਆਰ ਪ੍ਰਤੀ ਵਿਸ਼ਵਾਸ ਕਮਜ਼ੋਰ ਹੋ ਜਾਂਦਾ ਹੈ ਅਤੇ ਪਿਆਰ ਤੇ ਭਾਵਨਾਤਮਕ ਸੰਬੰਧਾਂ ਪ੍ਰਤੀ ਉਸ ਦੀ ਧਾਰਨਾ ਨਕਾਰਾਤਮਿਕ ਰੂਪ ਧਾਰ ਲੈਂਦੀ ਹੈ। ਉਸ ਦੀ ਮਨੋਵ੍ਰਿਤੀ ਪਿਆਰ ਨੂੰ ਸਿਰਫ਼ ਇੱਕ ਅਸਥਾਈ ਮਨੋਰੰਜਕ ਖੇਡ ਵਜੋਂ ਦੇਖਣ ਲੱਗਦੀ ਹੈ, ਜਿੱਥੇ ਸਰੀਰਕ ਸੰਤੁਸ਼ਟੀ ਤੋਂ ਪਰੇ ਕੋਈ ਅਧਿਆਤਮਿਕ ਜਾਂ ਭਾਵਨਾਤਮਕ ਹੋਂਦ ਨਹੀਂ ਹੁੰਦੀ। ਇਸ ਮਾਨਸਿਕ ਰੁਝਾਨ ਨੂੰ 'ਸਦਮਾ-ਆਧਾਰਿਤ ਸੰਬੰਧ (trauma bonding) ਦੇ ਸਿਧਾਂਤ ਨਾਲ ਜੋੜਿਆ ਜਾ ਸਕਦਾ ਹੈ, ਜਿਸ ਵਿੱਚ ਪੀੜਿਤ ਹੌਲੀ-ਹੌਲੀ ਹਿੰਸਾ ਅਤੇ ਧੋਖੇ ਨੂੰ ਜੀਵਨ ਦਾ ਅਭਿੰਨ ਅੰਗ ਮੰਨਣ ਲੱਗ ਪੈਂਦਾ ਹੈ।

> *"ਟਰਾਮਾਂ ਬਾਂਡਿੰਗ ਉਸ ਵੇਲੇ ਹੁੰਦੀ ਹੈ ਜਦੋਂ ਕੋਈ ਵਿਅਕਤੀ ਆਪਣੇ ਉਤਪੀੜਕ (abuser) ਨਾਲ ਗਹਿਰਾ ਰਿਸ਼ਤਾ ਬਣਾ ਲੈਂਦਾ ਹੈ। ਇਹ ਰਿਸ਼ਤਾ ਦੁਰਵਿਹਾਰ ਅਤੇ ਫਿਰ ਮਾਫ਼ੀ/ਪਿਆਰ ਦੇ ਚੱਕਰਾਂ ਨਾਲ ਕਾਇਮ ਰਹਿੰਦਾ ਹੈ।"* [6]

ਅਜਿਹੇ ਹਾਲਾਤਾਂ ਦੇ ਪੈਦਾ ਹੋਣ ਨਾਲ ਔਰਤ ਦੀ ਮਾਨਸਿਕਤਾ ਦਾ ਪੂਰਾ 'ਪੈਟਰਨ' ਹੀ ਬਦਲ ਜਾਂਦਾ ਹੈ। ਸੱਚੇ ਪਿਆਰ ਦੀ ਭਾਲ, ਜੋ ਮਨੁੱਖੀ ਜੀਵਨ ਦਾ ਇੱਕ ਪਵਿੱਤਰ ਅਤੇ ਆਦਰਸ਼ਕ ਤੱਤ ਹੈ, ਉਸ ਦੇ ਮਨ ਵਿੱਚੋਂ ਹੌਲੀ-ਹੌਲੀ ਲੁਪਤ ਹੋ ਜਾਂਦੀ ਹੈ ਅਤੇ ਉਹ ਆਪਣੇ ਆਪ ਨੂੰ ਕੇਵਲ 'ਸਰੀਰਕ ਸੰਤੁਸ਼ਟੀ' ਤੱਕ ਸੀਮਤ ਕਰ ਲੈਂਦੀ ਹੈ। ਪੜ੍ਹਨ-ਲਿਖਣ ਅਤੇ ਗਿਆਨ ਪ੍ਰਾਪਤੀ ਦੀ ਉਮਰ ਵਿੱਚ ਉਸ ਲਈ ਸਿਰਫ਼ ਸਰੀਰਕ ਸੰਤੁਸ਼ਟੀ ਹੀ ਜੀਵਨ ਦਾ ਕੇਂਦਰੀ ਬਿੰਦੂ ਬਣ ਜਾਂਦੀ ਹੈ। ਇਸ ਤਰ੍ਹਾਂ, ਸਦਮੇ ਦਾ ਪ੍ਰਭਾਵ ਉਸ ਦੀਆਂ ਧਾਰਨਾਵਾਂ ਅਤੇ ਸੰਬੰਧਾਂ ਪ੍ਰਤੀ ਦ੍ਰਿਸ਼ਟੀਕੋਣ ਨੂੰ ਵੀ ਪ੍ਰਭਾਵਿਤ ਕਰਦਾ ਹੈ।

ਅੱਗੇ ਚੱਲ ਕੇ 'ਸਵਰਨਾ' ਦੇ ਸੰਦਰਭ ਵਿੱਚ ਇਹ ਮਾਨਸਿਕ ਪਰਿਵਰਤਨ ਹੋਰ ਵੀ ਸਪਸ਼ਟ ਹੋ ਕੇ ਸਾਹਮਣੇ ਆਉਂਦਾ ਹੈ। ਇਸ ਨਾਟਕ ਦੇ ਮਰਦ ਪਾਤਰ 'ਚਾਰੂ ਦੱਤ' ਨਾਲ ਉਸ ਦੀ ਗੱਲਬਾਤ ਸਾਫ਼ ਕਰਦੀ ਹੈ ਕਿ ਮਰਦ ਪ੍ਰਤੀ ਉਸ ਦਾ ਦ੍ਰਿਸ਼ਟੀਕੋਣ ਕਿਉਂ ਬਦਲਿਆ। ਆਪਣੇ ਹਾਣ ਦੇ ਮੁੰਡਿਆਂ ਨੂੰ ਨਜ਼ਰਅੰਦਾਜ਼ ਕਰਕੇ ਉਸ ਨੇ ਵੱਡੀ ਉਮਰ ਦੇ ਵਿਅਕਤੀਆਂ ਵਿੱਚ ਸਰੀਰਕ ਸੰਤੁਸ਼ਟੀ ਲੱਭਣੀ ਕਿਉਂ ਸ਼ੁਰੂ ਕਰ ਦਿੱਤੀ। ਇਹ ਰੁਝਾਨ ਨਾ ਸਿਰਫ਼ ਉਸ ਦੀ ਮਾਨਸਿਕ ਹਾਲਤ ਨੂੰ ਦਰਸਾਉਂਦਾ ਹੈ, ਸਗੋਂ ਪਿੱਤਰ ਸੱਤਾ ਦੇ ਪ੍ਰਭਾਵਾਂ ਅਤੇ ਸਮਾਜਿਕ ਵਿਰੋਧਾਭਾਸ ਵੱਲ ਵੀ ਇਸ਼ਾਰਾ ਕਰਦਾ ਹੈ।

ਸਵਰਨਾ :

*"ਪੜ੍ਹਾਈ 'ਚ ਮੇਰਾ ਦਿਲ ਨਹੀਂ ਸੀ, ਇਸੇ ਲਈ ਮੈਨੂੰ ਕਾਲਜੋਂ ਦੌੜਨਾ ਪਿਆ*
*ਮਿੱਤਰ ਮੁੰਡਿਆ ਨੇ ਦਗ਼ਾ ਦਿੱਤਾ, ਮੈਨੂੰ ਵੱਡ-ਉਮਰਿਆ ਵਲ ਉਲਟਣਾ ਪਿਆ*
*ਹੁਣ ਮੈਨੂੰ ਜਵਾਨ ਨਹੀਂ ਵੱਡ ਉਮਰੇ ਚੰਗੇ ਲਗਦੇ ਹਨ।"* [7]

'ਚਾਰੂ ਦੱਤ' ਦੇ ਮਨ ਵਿੱਚ ਪਿਆਰ ਦਾ ਆਦਰਸ਼ਕ ਰੂਪ ਵਸਿਆ ਹੈ ਪਰ 'ਸਵਰਨਾ' ਲਈ ਪਿਆਰ ਸਿਰਫ਼ ਜਿਸਮਾਂ ਦੀ ਖੇਡ ਹੈ । ਉਸਦੇ ਮਨ ਵਿੱਚ ਪਿਆਰ ਦੀਆਂ ਜੜ੍ਹਾਂ ਨਾ ਤਾਂ ਡੂੰਘੀਆਂ ਹਨ ਅਤੇ ਨਾ ਹੀ ਪੱਕੀਆਂ ਇਹ ਉਸ ਮੌਸਮ ਵਾਂਗ ਹਨ ਜਿਸ ਵਿੱਚ ਵੰਨ-ਸੁਵੰਨੇ ਫੁੱਲ ਪੈਦਾ ਹੋ ਕੇ ਕੁਝ ਸਮੇਂ ਬਾਅਦ ਮੁਰਝਾ ਜਾਂਦੇ ਹਨ।

ਇਸ ਲਈ ਹੁਣ 'ਸਵਰਨਾ' ਕਈਆਂ ਦੀ ਹੋ ਕੇ ਵੀ ਕਿਸੇ ਇੱਕ ਦੀ ਨਹੀਂ ਹੈ। ਉਸ ਦੀ ਮਨੋਦਸ਼ਾ ਸਿਰਫ਼ ਮਨੋਰੰਜਨ ਲਈ ਚਰਮ-ਸੰਤੁਸ਼ਟੀ ਪ੍ਰਾਪਤ ਕਰਨ ਦੀ ਖ਼ਾਹਿਸ਼ ਨੂੰ ਪ੍ਰਗਟ ਕਰਦੀ ਹੈ। ਉਹ ਅਜਿਹੇ ਸੰਸਾਰ ਵਿੱਚ ਪਹੁੰਚਣ ਦੀ ਅਭਿਲਾਸ਼ੀ ਹੈ, ਜਿੱਥੇ ਅਨੰਦ ਦੀ ਪ੍ਰਾਪਤੀ ਇੰਨੀ ਡੂੰਘੀ ਹੋਵੇ ਕਿ ਦੁਬਾਰਾ ਧਰਤੀ ਤੇ ਪੈਰ ਰੱਖਣ ਦੀ ਲੋੜ ਹੀ ਨਾ ਪਵੇ। ਹੁਣ ਸੰਬੰਧ ਉਸ ਲਈ ਸਦਾ-ਕਾਇਮ ਰਹਿਣ ਵਾਲੀ ਸ਼ੈਅ ਨਹੀਂ ਰਹੇ। ਉਹ ਜਦੋਂ ਚਾਹੇ ਕਿਸੇ ਵੀ ਸੰਬੰਧ ਨੂੰ ਕਸਾਈ ਦੇ ਕੁੱਕੜ ਵਾਂਗ ਇੱਕ ਝਟਕੇ ਨਾਲ ਖ਼ਤਮ ਕਰ ਸਕਦੀ ਹੈ। ਕੋਈ ਆਦਰਸ਼ਕ ਸੰਬੰਧ ਜਾਂ ਵਿਆਹ-ਪ੍ਰਥਾ ਉਸ ਨੂੰ ਆਪਣੀਆਂ ਜ਼ੰਜੀਰਾਂ ਵਿੱਚ ਜਕੜ ਕੇ ਨਹੀਂ ਰੱਖ ਸਕਦੀ, ਕਿਉਂਕਿ 'ਸਵਰਨਾ' ਦੀ ਨਜ਼ਰ ਵਿੱਚ ਮਰਦ ਦਾ ਮਿਆਰ ਕਾਫ਼ੀ ਨੀਵਾਂ ਹੈ। ਮਰਦ-ਪ੍ਰਧਾਨ ਸਮਾਜ ਵਿੱਚ ਜਿਨ੍ਹਾਂ ਕਾਰਜਾਂ ਨੂੰ ਸਮਾਜਿਕ ਤੌਰ 'ਤੇ ਮਨਜ਼ੂਰ ਨਹੀਂ ਕੀਤਾ ਜਾਂਦਾ, ਸਵਰਨਾ ਉਨ੍ਹਾਂ ਨੂੰ ਵਾਰ-ਵਾਰ ਕਰਨ ਵਿੱਚ ਵਧੇਰੇ ਅਨੰਦ ਪ੍ਰਾਪਤ ਕਰਦੀ ਹੈ। ਇਸ ਲਈ ਸਮਾਜ ਦੀ ਨਿਗਾਹ ਤੋਂ ਓਝਲ ਇੱਕ ਗੁਪਤ ਸੰਸਾਰ ਉਸ ਦੀ ਅੰਦਰੂਨੀ ਤ੍ਰਿਪਤੀ ਦਾ ਕੇਂਦਰ ਬਣਿਆ ਹੋਇਆ ਹੈ। ਵਰਜਿਤ ਫਲ ਇਸ ਲਈ ਮਿੱਠਾ ਹੈ ਕਿਉਂਕਿ ਉਹ ਵਰਜਿਤ ਹੈ—ਇਸ ਮਨੋਵਿਗਿਆਨਕ ਰੁਝਾਨ ਅਨੁਸਾਰ ਉਹ ਪਿਆਰ ਦੇ ਬੰਧਨ ਦੀ ਬਜਾਏ ਸਿਰਫ਼ ਭੋਗ ਅਨੁਭਵ ਵਿੱਚ ਹੀ ਪਰਮ-ਅਨੰਦ ਲੱਭਦੀ ਹੈ। ਉਹ ਕਹਿੰਦੀ ਹੈ:

ਸਵਰਨਾ :

*"ਚੰਗਾ ਹੈ ਇਹ ਫਲ ਅਸੀਂ ਏਦਾਂ ਹੀ ਚੱਖੀਏ, ਵਿਆਹ ਬੰਧਨ ਚ ਨਾ ਬੱਝੀਏ।"* [8]

'ਸਵਰਨਾ' ਦੀ ਨਿਗਾਹ ਵਿੱਚ ਮਰਦ ਕਮੀਨਾ, ਜਾਲ੍ਹਸਾਜ਼ ਅਤੇ ਧੋਖੇਬਾਜ਼ ਹੈ। ਉਸ ਦੇ ਅਨੁਸਾਰ ਮਰਦ ਮੌਕਾ ਆਉਣ 'ਤੇ ਆਪਣਾ ਅਸਲੀ ਰੂਪ ਦਿਖਾ ਦਿੰਦਾ ਹੈ। ਇਸ ਲਈ ਮਰਦ ਪ੍ਰਤੀ ਉਸ ਦੇ ਸਾਰੇ ਭਰਮ ਟੁੱਟ ਚੁੱਕੇ ਹਨ ਅਤੇ ਉਹ ਮਰਦ ਦੀ ਅਸਲੀਅਤ ਤੋਂ ਜਾਣੂ ਹੋ ਚੁੱਕੀ ਹੈ। ਪਰ 'ਚਾਰੂ ਦੱਤ' ਉਸ ਨੂੰ ਵਿਆਹ ਦੇ ਬੰਧਨ ਵਿੱਚ ਬੰਨ੍ਹਣਾ ਚਾਹੁੰਦਾ ਹੈ, ਜਿਸ ਦਾ 'ਸਵਰਨਾ' ਵਿਰੋਧ ਕਰਦੀ ਹੈ ਅਤੇ ਅੰਤ ਵਿੱਚ ਆਪਣੀ ਇਸ ਵੱਖਰੀ ਮਾਨਸਿਕਤਾ ਕਾਰਨ ਜਾਨ ਗਵਾ ਬੈਠਦੀ ਹੈ।

ਇਸੇ ਨਾਟਕ ਵਿੱਚ "ਸੋਨਾ" ਇਸਤਰੀ ਪਾਤਰ ਰੂੜ੍ਹੀਵਾਦੀ ਸਮਾਜਿਕ ਵਿਵਸਥਾ ਵਿੱਚ ਆਪਣਾ ਆਪਾ ਬੇਮੁੱਲਾ ਮਹਿਸੂਸ ਕਰਦੀ ਹੈ। ਉਸ ਅਨੁਸਾਰ ਨਵੀਂ ਸੋਚ ਨੂੰ ਰੂੜ੍ਹੀਵਾਦੀ ਧਾਰਨਾਵਾਂ ਰੋਕ ਰਹੀਆਂ ਹਨ। ਇਹ ਕੇਵਲ ਕਿਸੇ ਇੱਕ ਦੇਸ਼ ਜਾਂ ਖੇਤਰ ਦੀ ਗੱਲ ਨਹੀਂ, ਬਲਕਿ ਸੰਸਾਰ-ਪੱਧਰ ਤੇ ਅਜਿਹਾ ਵਾਪਰ ਰਿਹਾ ਹੈ। 'ਸੋਨਾ' ਦੇ ਪਾਤਰ ਵਿੱਚ ਵਿਅਕਤੀਗਤ ਅਸੰਤੁਸ਼ਟੀ ਦੇ ਨਾਲ-ਨਾਲ ਸਮਾਜਿਕ ਵਿਵਸਥਾ ਪ੍ਰਤੀ ਵਿਰੋਧ ਵੀ ਪ੍ਰਗਟ ਹੁੰਦਾ ਹੈ। 'ਮਾਂ ਲਕਸ਼ਮੀ' ਦਾ ਪਾਤਰ ਇਸ ਪ੍ਰਸੰਗ ਨੂੰ ਇੱਕ ਵੱਖਰੇ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦਾ ਹੈ। 'ਅਚਾਰੀਆ ਰਜਨੀਸ਼' ਦੀ ਪੱਕੀ ਚੇਲੀ ਹੋਣ ਦੇ ਨਾਤੇ ਉਹ ਭੋਗ ਨੂੰ ਆਤਮਿਕ ਅਨੁਭਵ ਨਾਲ ਜੋੜਦੀ ਹੈ ਅਤੇ ਉਸ ਨੂੰ ਜੀਵਨ ਵਿੱਚ ਪ੍ਰਮੁੱਖਤਾ ਦਿੰਦੀ ਹੈ। ਉਹ 'ਅਚਾਰੀਆ ਰਜਨੀਸ਼' ਦੇ ਵਿਚਾਰਾਂ ਪ੍ਰਤੀ ਡੂੰਘੀ ਆਸਥਾ ਰੱਖਦੀ ਹੈ ਅਤੇ ਮੰਨਦੀ ਹੈ ਕਿ ਉਨ੍ਹਾਂ ਦੇ 'ਦਰਸ਼ਨ' ਨੂੰ ਸਮਝਣ ਲਈ ਮਨ ਦੀ ਅਤਿਅਧਿਕ ਦੌੜ ਅਤੇ ਤਰਕ ਨੂੰ ਕੁਝ ਹੱਦ ਤੱਕ ਠਹਿਰਾਉਣਾ ਲਾਜ਼ਮੀ ਹੈ, ਕਿਉਂਕਿ ਮਨ ਹੀ ਅਕਸਰ ਚਿੰਤਾਵਾਂ ਅਤੇ ਫ਼ਿਕਰਾਂ ਦਾ ਮੂਲ ਬਣ ਜਾਂਦਾ ਹੈ। ਇਸ ਦੇ ਉਲਟ, ਉਸ ਦੇ ਪਤੀ ਦਾ ਭੋਗ ਵਾਦੀ ਰੁਝਾਨ ਅਤੇ ਰਜਨੀਸ਼ ਦੇ ਵਿਚਾਰਾਂ ਵੱਲ ਆਕਰਸ਼ਣ, ਦੋਵਾਂ ਦੇ ਰਿਸ਼ਤੇ ਵਿੱਚ ਇੱਕ ਅੰਦਰੂਨੀ ਟਕਰਾਅ ਪੈਦਾ ਕਰਦਾ ਹੈ। ਫਿਰ ਵੀ, ਉਹ 'ਭੋਗ' ਨੂੰ ਕੇਵਲ ਸਰੀਰਕ ਇੱਛਾਵਾਂ ਦੀ ਪੂਰਤੀ ਦੇ ਰੂਪ ਵਿੱਚ ਨਹੀਂ ਦੇਖਦੀ, ਸਗੋਂ ਇਸ ਨੂੰ ਇੱਕ ਅਜਿਹਾ ਮਾਧਿਅਮ ਮੰਨਦੀ ਹੈ ਜੋ ਦੋ ਵਿਅਕਤੀਆਂ ਨੂੰ ਇਕ-ਦੂਜੇ ਨੂੰ ਸਮਝਣ ਅਤੇ ਮਨੁੱਖੀ ਨੇੜਤਾ ਨੂੰ ਗਹਿਰਾ ਕਰਨ ਵਿੱਚ ਸਹਾਇਕ ਬਣਦਾ ਹੈ। ਜਦੋਂ ਉਸ ਦੀਆਂ ਆਪਣੀਆਂ ਬੇਟੀਆਂ ਸਵਰਨਾ ਅਤੇ ਸੋਨਾ ਉਸਦੇ ਨਿਯੰਤਰਨ ਤੋਂ ਬਾਹਰ ਹੋਣ ਲੱਗਦੀਆਂ ਹਨ, ਤਾਂ 'ਮਾਂ ਲਕਸ਼ਮੀ' ਇਸਦਾ ਦੋਸ਼ ਆਪਣੇ ਪਤੀ 'ਤੇ ਧਰਦੀ ਹੈ। ਇਸਦੇ ਵਿਰੁੱਧ, ਉਸਦਾ ਪਤੀ ਇਸ ਸਥਿਤੀ ਦਾ ਮੂਲ ਕਾਰਨ ਉਸਦੇ ਭੋਗ ਵਾਦੀ ਫ਼ਲਸਫ਼ੇ ਨੂੰ ਮੰਨਦਾ ਹੈ। ਇਸ ਪ੍ਰਸੰਗ ਵਿੱਚ ਮਾਂ ਲਕਸ਼ਮੀ ਇੱਕ ਦੋਹਰੇ ਮਾਨਸਿਕ ਟਕਰਾਅ ਦਾ ਸ਼ਿਕਾਰ ਦਿਖਾਈ ਦਿੰਦੀ ਹੈ। ਇੱਕ ਪਾਸੇ ਉਹ ਸਰੀਰਕ ਖੁੱਲ੍ਹ ਅਤੇ ਆਜ਼ਾਦੀ ਨੂੰ ਮਹੱਤਵ ਦਿੰਦੀ ਹੈ, ਪਰ ਦੂਜੇ ਪਾਸੇ ਜਦੋਂ ਉਸ ਦੀਆਂ ਬੇਟੀਆਂ ਵੀ ਇਸੇ ਖੁੱਲ੍ਹ ਨੂੰ ਅਪਣਾਉਂਦੀਆਂ ਹਨ, ਤਾਂ ਉਹਨਾਂ ਦੇ ਸੰਬੰਧਾਂ ਪ੍ਰਤੀ ਉਸ ਦੇ ਅੰਦਰ ਸ਼ੰਕਾ ਅਤੇ ਡਰ ਉੱਭਰ ਕੇ ਸਾਹਮਣੇ ਆ ਜਾਂਦੇ ਹਨ। ਇਸ ਤਰ੍ਹਾਂ, ਉਸ ਦੀ ਸੋਚ ਅਤੇ ਵਿਵਹਾਰ ਵਿੱਚ ਇੱਕ ਅੰਦਰੂਨੀ ਵਿਰੋਧਾਭਾਸ ਸਪਸ਼ਟ ਰੂਪ ਵਿੱਚ ਪ੍ਰਗਟ ਹੁੰਦਾ ਹੈ। 'ਸਵਰਨਾ' ਅਤੇ 'ਸੋਨਾ' ਦਾ ਵਿਵਹਾਰ ਉਸਦੇ ਅਚੇਤ ਵਿੱਚ ਡਰ ਦਾ ਸੰਕੇਤ ਦਿੰਦਾ ਹੈ, ਇਸਦੇ ਨਤੀਜੇ ਵਜੋਂ ਉਹ 'ਬਘਿਆੜ' 'ਬਘਿਆੜ' ਚਿਲਾਉਂਦੀ ਫ਼ਰਸ਼ ਤੇ ਡਿੱਗ ਪੈਂਦੀ ਹੈ।

ਸੰਖੇਪ ਵਿੱਚ ਬਘਿਆੜ ਦਾ ਪ੍ਰਤੀਕ ਨਾਟਕ ਵਿੱਚ ਡਰ ਅਤੇ ਭੈਅ ਨੂੰ ਦਰਸਾਉਂਦਾ ਹੈ। ਇੱਕ ਬੇਨਾਮ ਔਰਤ ਨਾਲ ਜਬਰ-ਜਨਾਹ ਕਰਨ ਵਾਲਾ ਬਘਿਆੜ, ਅਸਲ ਵਿੱਚ ਉਸ ਦੇ ਮਨ ਦੇ ਅੰਦਰਲੇ ਭੈਅ ਦਾ ਪ੍ਰਤੀਕ ਹੈ, ਜੋ ਬਾਕੀ ਔਰਤ ਪਾਤਰਾਂ ਦੇ ਮਨ ਵਿੱਚ ਆਪਣੀ ਪੱਕੀ ਥਾਂ ਬਣਾ ਚੁੱਕਾ ਹੈ। ਇਸ ਤਰ੍ਹਾਂ 'ਬਘਿਆੜ' ਵਿਅਕਤੀਗਤ ਹਿੰਸਾ ਤੋਂ ਉੱਪਰ ਉੱਠ ਕੇ ਸਮੂਹਕ ਨਾਰੀ-ਮਨ ਵਿੱਚ ਵੱਸੇ ਡਰ ਅਤੇ ਅਸੁਰੱਖਿਆ ਦੀ ਪ੍ਰਤੀਕਾਤਮਿਕ ਅਭਿਵਿਅਕਤੀ ਬਣ ਜਾਂਦਾ ਹੈ।

ਦੂਜੇ ਕਾਵਿ-ਨਾਟਕ "ਦਸਤਾਨਿਆਂ ਵਰਗੇ ਹੱਥ" ਵਿੱਚ 'ਮੀਰਾ' ਅਤੇ 'ਨੀਰਾ' ਕੇਂਦਰੀ ਪਾਤਰ ਹਨ। ਮੀਰਾ ਕਥਾਕਾਰ ਹੈ, ਜਦਕਿ ਨੀਰਾ ਉਸ ਦੀ ਧੀ ਇੱਕ ਕਵਿੱਤਰੀ ਅਤੇ ਚਿੱਤਰਕਾਰ ਹੈ। ਨਾਟਕ ਦੇ ਬਿੰਬ, ਪ੍ਰਤੀਕ ਅਤੇ ਅਲੰਕਾਰ ਇਸਤਰੀ ਪਾਤਰਾਂ ਦੇ ਸੂਖਮ ਮਨੋਭਾਵਾਂ ਨੂੰ ਸਾਫ਼-ਸਪਸ਼ਟ ਕਰਦੇ ਹਨ। 'ਮੀਰਾ' 'ਤਾਰਕਾ ਯੁੱਧ' ਦੇ ਡਰ ਤੋਂ ਗ੍ਰਸਤ ਹੈ। *'ਤਾਰਕਾ-ਯੁੱਧ ਦਾ ਸਥੂਲ ਭਾਵ ਤਾਰਾ ਮੰਡਲ ਦੇ ਆਪਸੀ ਗ੍ਰਹਿਆਂ – ਉਪਗ੍ਰਹਿਆਂ ਦਾ ਟਕਰਾਅ ਜਿਸਦਾ ਅੰਤਰੀਵ ਭਾਵ ਪਰਵਾਸੀ ਜੀਵਨ ਹੰਢਾ ਰਹੀ ਇੱਥੋਂ ਗਈ ਪਹਿਲੀ ਪੀੜ੍ਹੀ ਅਤੇ ਉੱਥੇ ਪਲ ਕੇ ਜਵਾਨ ਹੋਈ ਵਰਤਮਾਨ ਪੀੜ੍ਹੀ ਦੇ ਵਿਚਾਰਧਾਰਾਈ ਟਕਰਾ ਤੋਂ ਹੈ।"* [9] ਅਜਾਇਬ ਕਮਲ ਨੇ 'ਤਾਰਕਾ ਯੁੱਧ' ਦੇ ਡਰ ਨਾਲ ਪੈਦਾ ਹੋਈ ਮਾਨਸਿਕ ਸਥਿਤੀ ਨੂੰ ਇਸ ਕਾਵਿ-ਨਾਟਕ ਵਿੱਚ ਅਧਾਰ ਵਜੋਂ ਪੇਸ਼ ਕੀਤਾ ਹੈ। *"ਨਾਟਕ ਦਾ ਕੇਂਦਰ ਬਿੰਦੂ 'ਤਾਰਕਾ ਯੁੱਧ' ਹੈ ਜਿਸ ਦੇ ਅਸਰਾਤ ਦੇ ਡਰ ਤੋਂ ਹੀ ਪਾਤਰਾਂ ਨੀਰਾ ਅਤੇ ਮੀਰਾ ਦੇ ਹੱਥ ਦਸਤਾਨਿਆਂ ਵਰਗੇ ਤੇ ਸਰੀਰ ਪੱਥਰ ਦੇ ਹੋ ਗਏ ਹਨ।"* [10] ਇਹ ਯੁੱਧ ਉਸ ਦੀ ਮਾਨਸਿਕ ਪੀੜਾ ਦਾ ਕੇਵਲ ਕਾਰਨ ਹੀ ਨਹੀਂ, ਸਗੋਂ ਉਸ ਦੀ ਆਤਮਿਕ ਅਵਸਥਾ ਨੂੰ ਵਿਅਕਤ ਕਰਨ ਦਾ ਮਾਧਿਅਮ ਵੀ ਹੈ। ਅਜਾਇਬ ਕਮਲ ਦੇ ਨਾਟਕਾਂ ਵਿਚਲੀ ਐਬਸਰਡਿਟੀ (absurdity) ਪਾਤਰਾਂ ਦੀ ਜ਼ਿੰਦਗੀ ਦੀਆਂ ਮਾਨਸਿਕ ਉਲਝਣਾਂ ਨੂੰ ਪੂਰਨ ਰੂਪ ਨਾਲ ਪੇਸ਼ ਕਰਦੀ ਹੈ। ਇਸ ਸੰਦਰਭ

ਵਿੱਚ 'ਤਾਰਕਾ ਯੁੱਧ' ਬਾਹਰੀ ਤਬਾਹੀ ਦੇ ਨਾਲ-ਨਾਲ ਪਾਤਰਾਂ ਦੇ ਅੰਦਰਲੇ ਅਸਤਿਤਵੀ ਡਰ ਅਤੇ ਅਸਥਿਰਤਾ ਦਾ ਵੀ ਪ੍ਰਤੀਕ ਬਣ ਜਾਂਦਾ ਹੈ।

'ਮੀਰਾ' ਨੂੰ ਮਹਿਸੂਸ ਹੁੰਦਾ ਹੈ ਕਿ ਜਿਵੇਂ ਮਨੁੱਖ ਦਾ ਦਿਲ ਮਨੁੱਖ ਤੋਂ ਹੀ ਭਰ ਗਿਆ ਹੋਵੇ ਅਤੇ ਉਹ ਤਬਾਹੀ ਵੱਲ ਝੁਕ ਗਿਆ ਹੋਵੇ। ਉਸ ਦਾ ਡਰ ਉਸ ਨੂੰ ਹਰ ਕਾਰਜ ਤੋਂ ਰੋਕਦਾ ਹੈ। ਉਸ ਦੀ ਨਜ਼ਰ ਵਿੱਚ ਨਵੀਂ ਪੀੜ੍ਹੀ ਤਬਾਹੀ ਵੱਲ ਵਧ ਰਹੀ ਹੈ। ਕਿਧਰੇ-ਕਿਧਰੇ ਉਹ ਖ਼ੁਦ ਨੂੰ ਆਧੁਨਿਕ ਅਤੇ ਆਜ਼ਾਦ-ਵਿਚਾਰਾਂ ਵਾਲੀ ਦਿਖਾਉਣ ਦੀ ਕੋਸ਼ਿਸ਼ ਕਰਦੀ ਹੈ, ਪਰ ਅੰਦਰੋਂ ਉਹ ਰੂੜ੍ਹੀਵਾਦੀ ਹੈ। ਖ਼ਾਸ ਕਰਕੇ 'ਨੀਰਾ' ਪ੍ਰਤੀ ਉਸ ਦਾ ਰਵੱਈਆ ਪੁਰਾਣੇ ਰੀਤੀ-ਰਿਵਾਜ਼ਾਂ ਨਾਲ ਜੁੜਿਆ ਹੋਇਆ ਹੈ। *"ਤਣਾਓ ਪਰੰਪਰਾ ਅਤੇ ਆਧੁਨਿਕਤਾ ਦੇ ਵਿਰੋਧ ਵਜੋਂ ਵੀ ਪੈਦਾ ਹੋ ਸਕਦਾ ਹੈ। ਜਦੋਂ ਮਨੁੱਖ ਆਪਣੀਆਂ ਪੁਰਾਣੀਆਂ ਕਦਰਾਂ-ਕੀਮਤਾਂ ਦਾ ਪੂਰੀ ਤਰ੍ਹਾਂ ਤਿਆਗ ਨਹੀਂ ਕਰ ਸਕਿਆ ਹੁੰਦਾ ਅਤੇ ਨਵੀਂਆਂ ਕਦਰਾਂ-ਕੀਮਤਾਂ ਉਸ ਦੇ ਜਿਊਣ ਢੰਗ ਦਾ ਪੂਰੀ ਤਰ੍ਹਾਂ ਹਿੱਸਾ ਨਹੀਂ ਬਣੀਆਂ ਹੁੰਦੀਆਂ ਤਾਂ ਆਧੁਨਿਕਤਾ ਅਤੇ ਪਰੰਪਰਾ ਦੇ ਸੰਬੰਧ ਅਸਾਵੇਂ ਹੋ ਜਾਂਦੇ ਹਨ, ਜਿਸ ਕਾਰਨ ਸੱਭਿਆਚਾਰ ਤਣਾਉ ਪੈਦਾ ਹੋ ਜਾਂਦਾ ਹੈ।"* [11] ਇਸੇ ਤਰ੍ਹਾਂ ਦੇ ਹਾਲਾਤ ਵਿੱਚ ਉਸ ਦੀ ਸੋਚ ਵਿੱਚ ਦੋਗਲਾਪਣ ਤੇ ਪਾਖੰਡ ਪ੍ਰਗਟ ਹੁੰਦਾ ਹੈ।

ਰਮਤਾ :

*"ਤੁਸੀਂ ਔਰਤ-ਸੁਤੰਤਰਤਾ ਲਈ, ਸਿਰਫ਼ ਦਿਖਾਵੇ ਦੀ ਹਾਮੀ ਭਰਦੇ ਹੋ ਹੋਰ ਕਰੇ ਤਾਂ ਨਹੀਂ ਪਰ ਤੁਹਾਡੀ, ਧੀ ਕੁਝ ਕਰੇ ਤਾਂ ਤੁਸੀਂ ਡਰਦੇ ਹੋ।"* [12]

ਦੂਜੇ ਪਾਸੇ 'ਨੀਰਾ' ਇੱਕ ਵੱਖਰੀ ਸੋਚ ਵਾਲੀ ਧੀ ਹੈ। ਉਹ ਮੰਨਦੀ ਹੈ ਕਿ ਔਰਤ ਦੇ ਮਨ ਦੀ ਵਿਥਿਆ ਸਿਰਫ਼ ਬਿਸਤਰ ਨਿੱਘਾ ਕਰਨ ਤੱਕ ਸੀਮਿਤ ਨਹੀਂ। ਉਸ ਦੀਆਂ ਆਪਣੀਆਂ ਲੋੜਾਂ ਰੋਟੀ, ਕਲਾ, ਕਵਿਤਾ, ਵਿਸਕੀ ਵੀ ਹਨ। ਉਸ ਦੀ ਚਿੰਤਾ ਉਸ ਨੂੰ ਮਨੋਵਿਗਿਆਨਕ ਤੌਰ 'ਤੇ ਬਿਮਾਰ ਕਰ ਦਿੰਦੀ ਹੈ ਅਤੇ ਉਸਨੂੰ ਆਪਣੇ ਹੱਥ ਦਸਤਾਨਿਆਂ ਵਰਗੇ ਮਹਿਸੂਸ ਹੁੰਦੇ ਹਨ। 'ਨਾਟਕ ਵਿੱਚ ਮਾਂ ਤੇ ਧੀ ਦੇ ਵਿਚਾਰਾਂ ਵਿਚਾਲੇ ਡੂੰਘਾ ਵਿਰੋਧ ਹੈ। 'ਮੀਰਾ' ਦਾ ਪਰੰਪਰਾ ਨਾਲ ਜੁੜ ਕੇ ਵੀ ਖ਼ੁਦ ਨੂੰ ਆਜ਼ਾਦ ਖ਼ਿਆਲਾਂ ਦੀ ਮਾਲਕ ਦੱਸਣਾ 'ਨੀਰਾ' ਨੂੰ ਪਸੰਦ ਨਹੀਂ। ਇਸ ਕਾਰਨ ਮਾਂ ਧੀ ਵਿਚਕਾਰ ਮੱਤਭੇਦ ਹਨ। ਇੱਥੇ ਨੀਰਾ ਦੀ ਮਾਨਸਿਕ ਸਥਿਤੀ ਨੂੰ ਪੀੜ੍ਹੀਗਤ ਅਤੇ ਸੱਭਿਆਚਾਰਕ ਟਕਰਾਅ ਦੇ ਸੰਦਰਭ ਵਿੱਚ ਵੀ ਸਮਝਿਆ ਜਾ ਸਕਦਾ ਹੈ, ਜਿੱਥੇ ਨਵੀਂ ਪੀੜ੍ਹੀ ਪੁਰਾਣੀਆਂ ਕਦਰਾਂ-ਕੀਮਤਾਂ ਨੂੰ ਸਵੀਕਾਰ ਕਰਨ ਦੀ ਥਾਂ ਆਪਣੇ ਅਸਤਿਤਵ ਦੀ ਨਵੀਂ ਪਰਿਭਾਸ਼ਾ ਲੱਭਣ ਦੀ ਕੋਸ਼ਿਸ਼ ਕਰਦੀ ਹੈ।

ਮੀਰਾ' ਲਈ ਜ਼ਿੰਦਗੀ ਇੱਕ ਸਜ਼ਾ, ਖ਼ਲਾਅ, ਬੋਰਡਮ, ਤਰਸੇਵਾਂ ਅਤੇ ਗੁੰਝਲ ਬਣ ਗਈ ਹੈ। ਉਸ ਨੂੰ ਰਿਸ਼ਤਿਆਂ, ਪਰਿਵਾਰ ਅਤੇ ਕਿਸੇ ਸਮਾਜਿਕ-ਰਾਜਨੀਤਿਕ ਸੰਸਥਾ 'ਤੇ ਭਰੋਸਾ ਨਹੀਂ ਰਿਹਾ। ਉਸਨੂੰ ਜੀਵਨ ਨਿਰਾਸ਼ਾ, ਅਜਨਬੀਪਣ ਅਤੇ ਬੇਦਿਲੀ ਦੇ ਚੱਕਰਵਿਊਹ ਵਿੱਚ ਘਿਰਿਆ ਪ੍ਰਤੀਤ ਹੁੰਦਾ ਹੈ। ਦੂਜੇ ਪਾਸੇ 'ਤਾਰਕਾ ਯੁੱਧ' ਦਾ ਡਰ ਉਸ ਦੀ ਜ਼ਿੰਦਗੀ ਦੇ ਸੁਆਦ ਨੂੰ ਹੌਲੀ-ਹੌਲੀ ਖ਼ਤਮ ਕਰ ਰਿਹਾ ਹੈ। ਇਸ ਮਾਨਸਿਕ ਪੀੜਾ ਤੋਂ ਮੁਕਤੀ ਪ੍ਰਾਪਤ ਕਰਨ ਲਈ ਉਹ ਨਸ਼ੇ ਦਾ ਸਹਾਰਾ ਲੈਂਦੀ ਹੈ। ਉਸ ਲਈ ਨਸ਼ਾ ਹੀ ਸੁੰਦਰਤਾ ਦਾ ਅਨੁਭਵ ਅਤੇ ਦੁੱਖਾਂ ਤੋਂ ਪਰੇ ਜਾਣ ਦਾ ਇੱਕੋ-ਇੱਕ ਸਾਧਨ ਬਣ ਜਾਂਦਾ ਹੈ।

ਮੀਰਾ :

*" ਨਾ ਨਾ ਇਹ ਤਾਂ ਐਵੇਂ ਤਰਲਾ ਜਿਹਾ ਹੈ, ਇਕਲਾਪੇ ਨੂੰ ਮਾਰਨ ਦਾ ਚੱਕਰ ਹੈ ਸਭ ਬੋਰਡਮ ਮਾਰਨ ਦਾ ਸਿਲਸਿਲਾ ਹੈ, ਤੈਨੂੰ ਪਤਾ ਅਸੀਂ ਦੋਵੇਂ ਮਾਵਾਂ ਧੀਆਂ ਕੱਲੀਆਂ ਕਾਰੀਆਂ ਹਾਂ ਅਸੀਂ ਦੋਵੇਂ ਇਕਲਾਪੇ ਤੇ ਬੋਰਡਮ ਮਾਰੀਆਂ ਹਾਂ।"* [13]

ਨਾਟਕ ਵਿੱਚ 'ਗਨਕਾ' ਦਾ ਪਾਤਰ ਸਮਾਜ ਦੇ 'ਕਾਮੁਕ' ਰੂਪ ਨੂੰ ਉਜਾਗਰ ਕਰਦਾ ਹੈ। ਉਸ ਦੀ ਨਿਗਾਹ ਵਿੱਚ ਸਰੀਰਕ ਸੰਬੰਧ ਹੀ ਜੀਵਨ ਦੀ ਇੱਕ ਪ੍ਰਮੁੱਖ ਹਕੀਕਤ ਹਨ, ਕਿਉਂਕਿ ਉਸ ਦੀ ਰੋਜ਼ੀ-ਰੋਟੀ ਇਨ੍ਹਾਂ ਨਾਲ ਸਿੱਧੇ ਤੌਰ 'ਤੇ ਜੁੜੀ ਹੋਈ ਹੈ। ਸਮਾਜ ਜਿਸ ਕਾਰਜ ਨੂੰ ਅਪਵਿੱਤਰ ਅਤੇ ਨੈਤਿਕ ਤੌਰ 'ਤੇ ਨਿੰਦਣਯੋਗ ਮੰਨਦਾ ਹੈ, 'ਗਨਕਾ' ਲਈ ਉਹੀ ਉਸ ਦੀ ਜੀਵਿਕਾ ਦਾ ਆਧਾਰ ਹੋਣ ਕਰਕੇ ਸਵੀਕਾਰਯੋਗ ਹੈ। ਉਸ ਦੀ ਨਿਗਾਹ ਵਿੱਚ ਮਰਦ ਮੁੱਖ ਤੌਰ 'ਤੇ ਆਰਥਿਕ ਲਾਭ ਦਾ ਸਾਧਨ ਹੈ, ਇਸ ਤੋਂ ਇਲਾਵਾ ਉਸ ਨਾਲ ਕਿਸੇ ਭਾਵਨਾਤਮਕ ਜਾਂ ਆਦਰਸ਼ਕ ਸੰਬੰਧ ਦੀ ਸੰਭਾਵਨਾ ਲਗਭਗ ਖ਼ਤਮ ਹੋ ਚੁੱਕੀ ਹੈ। ਉਹ ਇਕ ਅਜਿਹੀ ਇਸਤਰੀ ਵਜੋਂ ਉੱਭਰ ਕੇ ਸਾਹਮਣੇ ਆਉਂਦੀ ਹੈ ਜੋ ਸਮਾਜਕ ਸੰਰਚਨਾਵਾਂ ਦੇ ਅੰਦਰ ਕਠਪੁਤਲੀ ਵਾਂਗ ਲੋਕਾਂ ਦੇ ਹੱਥਾਂ ਵਿੱਚ ਨੱਚਣ ਲਈ ਮਜਬੂਰ ਹੈ। ਜਿੱਥੇ 'ਗੁਪਤੇਸ਼ਵਰ' ਵਰਗੇ ਗ੍ਰਾਹਕ ਉਸ ਦੇ ਸਰੀਰ ਅਤੇ ਇੱਛਾਵਾਂ ਨੂੰ ਆਪਣੀ ਮਰਜ਼ੀ ਅਨੁਸਾਰ ਵਰਤਦੇ ਹਨ।

ਇਸ ਪ੍ਰਸੰਗ ਵਿੱਚ, ਉਹ ਸਮਾਜ ਦੀ ਦੋਹਰੀ ਸਥਿਤੀ ਨੂੰ ਬੇਨਕਾਬ ਕਰਦੀ ਹੈ ਜਿੱਥੇ ਬਾਹਰੋਂ ਧਰਮ ਅਤੇ ਨੈਤਿਕਤਾ ਦੀ ਗੱਲ ਕਰਨ ਵਾਲੇ ਅੰਦਰੋਂ ਆਪਣੀਆਂ ਕਾਮਨਾਵਾਂ ਦੇ ਵੱਸ ਵਿਚ ਹਨ। ਉਹ ਮਨੁੱਖ ਦੇ ਕਾਮ-ਸੁਭਾਅ ਨੂੰ ਖੁੱਲ੍ਹੇ ਤੌਰ 'ਤੇ ਉਜਾਗਰ ਕਰਦੀ ਹੋਈ ਹਰ ਵਿਅਕਤੀ ਦੀ ਅਸਲੀਅਤ ਸਾਹਮਣੇ ਲਿਆਉਂਦੀ ਹੈ। ਬਾਹਰੋਂ ਕਾਮ ਨੂੰ ਪਾਪ ਕਹਿਣ ਵਾਲੇ ਧਰਮੀ-ਕਰਮੀਂ ਅੰਦਰੋਂ ਇਸ ਨੂੰ ਜੀਵਨ ਦੀ ਸਭ ਤੋਂ ਵੱਡੀ ਕਮਜ਼ੋਰੀ ਬਣਾਈ ਬੈਠੇ ਹਨ। ਮਰਦ ਦੇ ਇਸ ਦੋਹਰੇ ਅਤੇ ਕਾਮ-ਪ੍ਰਵਿਰਤੀ ਵਾਲੇ ਸੁਭਾਅ ਕਾਰਨ 'ਗਨਕਾ' ਦੀ ਦ੍ਰਿਸ਼ਟੀ ਵਿੱਚ ਹਰ ਮਰਦ ਇੱਕ ਸੰਭਾਵਿਤ ਗ੍ਰਾਹਕ ਵਜੋਂ ਹੀ ਉੱਭਰਦਾ ਹੈ। ਜਿਵੇਂ ਕਿਸੇ ਹੋਰ ਵਪਾਰ ਵਿੱਚ ਦੁਕਾਨਦਾਰ ਗ੍ਰਾਹਕ ਦੇ ਆਉਣ 'ਤੇ ਖ਼ੁਸ਼ੀ ਮਹਿਸੂਸ ਕਰਦਾ ਹੈ, ਉਸੇ ਤਰ੍ਹਾਂ 'ਗਨਕਾ' ਲਈ ਵੀ ਗ੍ਰਾਹਕ ਦੀ ਆਮਦ ਉਸ ਦੀ ਜੀਵਿਕਾ ਨਾਲ ਜੁੜੀ ਹੋਈ ਖ਼ੁਸ਼ੀ ਦਾ ਕਾਰਨ ਬਣਦੀ ਹੈ। *"ਗਾਹਕ ਮਿਲਦਾ, ਸਾਡਾ ਮੂੰਹ ਰੰਗ ਫੜ ਜਾਂਦਾ ਹੈ, ਸਾਡੇ ਜਿਸਮ ਨੂੰ ਰੰਗ ਚੜ੍ਹ ਜਾਂਦਾ ਹੈ"* [14] ਇਸ ਪੂਰੇ ਪ੍ਰਸੰਗ ਰਾਹੀਂ, ਲੇਖਕ ਸਮਾਜਕ ਸਚਾਈ, ਆਰਥਿਕ ਮਜਬੂਰੀਆਂ ਅਤੇ ਦੋਹਰੇ ਪਣ ਦੀ ਗਹਿਰੀ ਤਸਵੀਰ ਪੇਸ਼ ਕਰਦਾ ਹੈ।

ਸਮੁੱਚੇ ਰੂਪ ਵਿੱਚ, ਅਜਾਇਬ ਕਮਲ ਨੇ ਆਪਣੇ ਕਾਵਿ-ਨਾਟਕਾਂ ਰਾਹੀਂ ਔਰਤ ਦੀਆਂ ਮਾਨਸਿਕ ਜਟਿਲਤਾਵਾਂ ਨੂੰ ਬੇਹੱਦ ਕਲਾ-ਪੂਰਨ ਢੰਗ ਨਾਲ ਪੇਸ਼ ਕੀਤਾ ਹੈ। ਉਹਨਾਂ ਦੀ ਮਾਨਸਿਕ ਕਸ਼ਮਕਸ਼ ਇੱਕ ਦਵੰਦ ਪੈਦਾ ਕਰਦੀ ਹੈ ਅਤੇ ਇਸ ਕਾਰਨ ਇਹ ਕਾਵਿ-ਨਾਟਕ ਗੁਰਦਿਆਲ ਸਿੰਘ ਫੁੱਲ ਦੇ ਸ਼ਬਦਾਂ *"ਕਾਵਿ ਨਾਟਕ ਉਹ ਸਫਲ ਹੁੰਦਾ ਹੈ ਜਿਸ ਵਿੱਚ ਆਤਮਿਕ ਦਵੰਦ ਵਾਲਾ ਪਾਤਰ ਲਿਆ ਜਾਵੇ"* [15] ਪੂਰਾ ਉਤਰਦੇ ਹਨ । ਇਸ ਤਰ੍ਹਾਂ ਅਜਾਇਬ ਕਮਲ ਦੇ ਨਾਰੀ ਪਾਤਰ ਕੇਵਲ ਸਮਾਜਿਕ ਵਿਦਰੋਹ ਦੀ ਪ੍ਰਤੀਨਿਧਤਾ ਨਹੀਂ ਕਰਦੇ, ਸਗੋਂ ਬਦਲ ਰਹੀ ਸਮਾਜਿਕ ਅਤੇ ਸਭਿਆਚਾਰਕ ਸਥਿਤੀ ਵਿੱਚ ਆਪਣੀ ਹੋਂਦ ਅਤੇ ਮਾਨਸਿਕ ਆਜ਼ਾਦੀ ਦੀ ਭਾਲ ਕਰਦੇ ਹੋਏ ਜਟਿਲ ਮਨੁੱਖੀ ਪਾਤਰਾਂ ਵਜੋਂ ਵੀ ਸਾਹਮਣੇ ਆਉਂਦੇ ਹਨ।

## ਹਵਾਲੇ ਅਤੇ ਟਿੱਪਣੀਆਂ


1. https://encyclopedia.arabpsychology.com/mentality/ M. (2026, August 4).
2. ਨੇਕੀ, ਜਸਵੰਤ ਸਿੰਘ, ਅਚੇਤਨ ਦੀ ਲੀਲ੍ਹਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 2019, ਪੰਨਾ: 3
3. ਧਾਲੀਵਾਲ, ਅਰਵਿੰਦਰ ਕੌਰ, ਪਰਵਾਸੀ ਪੰਜਾਬੀ ਕਾਵਿ-ਨਾਟਕ, ਅਲਕਾ ਸਾਹਿਤ ਸਦਨ, ਅੰਮ੍ਰਿਤਸਰ, 2006, ਪੰਨਾ: 57
4. ਨੇਕੀ, ਜਸਵੰਤ ਸਿੰਘ, ਅਚੇਤਨ ਦੀ ਲੀਲ੍ਹਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 2019, ਪੰਨਾ: 33
5. ਉਹੀ, ਪੰਨਾ: 31
6. http://health.clevelandclinic.org/trauma-bonding
7. ਕਮਲ, ਅਜਾਇਬ, ਬਘਿਆੜ-ਐਨਕਾਂ ਤੇ ਦਸਤਾਨਿਆਂ ਵਰਗੇ ਹੱਥ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1987 ਪੰਨਾ: 26
8. ਉਹੀ, ਪੰਨਾ: 146
9. ਧਾਲੀਵਾਲ, ਅਰਵਿੰਦਰ ਕੌਰ, ਪਰਵਾਸੀ ਪੰਜਾਬੀ ਕਾਵਿ-ਨਾਟਕ, ਅਲਕਾ ਸਾਹਿਤ ਸਦਨ, , ਅੰਮ੍ਰਿਤਸਰ, 2006, ਪੰਨਾ: 60
10. ਉਹੀ, ਪੰਨਾ: 60
11. ਬੇਦੀ, ਹਰਚੰਦ ਸਿੰਘ, ਡਾ., ਪਰਵਾਸ ਤੇ ਪਰਵਾਸੀ ਸਾਹਿਤ ਦੇ ਮਸਲੇ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2018, ਪੰਨਾ: 179
12. ਕਮਲ ਅਜਾਇਬ, ਬਘਿਆੜ-ਐਨਕਾਂ ਤੇ ਦਸਤਾਨਿਆਂ ਵਰਗੇ ਹੱਥ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1987, ਪੰਨਾ: 191
13. ਉਹੀ, ਪੰਨਾ: 233
14. ਉਹੀ, ਪੰਨਾ: 218
15. ਫੁੱਲ, ਗੁਰਦਿਆਲ ਸਿੰਘ, ਪੰਜਾਬੀ ਨਾਟਕ ਸਰੂਪ ਸਿਧਾਂਤ ਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ, ਯੂਨੀਵਰਸਿਟੀ, ਪਟਿਆਲਾ 1998, ਪੰਨਾ: 172


## *Cite this Article-*


*ਅਮ੍ਰਿਤਪਾਲ ਸਿੰਘ ਸੰਧੂ (Amritpal Singh Sandhu), ਅਜਾਇਬ ਕਮਲ ਦੇ ਕਾਵਿ-ਨਾਟਕਾਂ ਵਿੱਚ ਨਾਰੀ ਪਾਤਰਾਂ ਦੀ ਮਾਨਸਿਕਤਾ ਦਾ ਵਿਸ਼ਲੇਸ਼ਣ (ਮਹਾਂ-ਨਾਟ ਦੁੱਕੜੀ "ਬਘਿਆੜ ਐਨਕਾਂ ਅਤੇ ਦਸਤਾਨਿਆਂ ਵਰਗੇ ਹੱਥ" ਦੇ ਸੰਦਰਭ ਵਿੱਚ) Ajaib Kamal De Kav-Natkan Vich Nari Patran Di Mansikta Da Vishleshan (Mahan Nat-Dukri 'Baghaiar Ainka Ate Dastania Varge Hath De Sandarbh vich) ਅਰਮਾਨ (ARMAAN), ISSN: 2583-9446 (O), Volume- 4, Issue- 3, July-September 2026, Page: 38-42.*

*Journal URL:* www.armaan.org.in

*DOI:* https://doi.org/10.64119/armaan.vol.4.issue3.08



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/